# ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ.ਏ.ਐੱਸ.ਨਗਰ (ਪੰਜਾਬ)**

ਫੋਨ ਨੰ: 0172-2212221, ਈ.ਮੇਲ: **scertexamination@punjabeducation.gov.in**

ਵੱਲ

ਸਮੂਹ ਜ਼ਿਲਾ ਸਿੱਖਿਆ ਅਫਸਰ(ਐ.ਸਿੱ)

ਪੰਜਾਬ ।

ਮੀਮੋ ਨੰ.: 776613/04 ਮਿਤੀ :ਐਸ.ਏ.ਐਸ ਨਗਰ :**12-03-2026**

ਵਿਸ਼ਾ: ਸੈਸ਼ਨ 2025-26 ਲਈ ਪੰਜਵੀਂ ਜਮਾਤ ਦੇ ਨਤੀਜੇ ਸੰਬਧੀ ਹਦਾਇਤਾਂ ।

ਉਪਰੋਕਤ ਵਿਸ਼ੇ ਅਨੁਸਾਰ **ਮੀਮੋ ਨੰ.:776613/02, ਮਿਤੀ: ਐਸ.ਏ.ਐਸ. ਨਗਰ 03/02/2026** ਦੀ ਲਗਾਤਾਰਾਤਾ ਵਿੱਚ ਪੰਜਵੀਂ ਜਮਾਤ ਦਾ ਨਤੀਜਾ ਘੋਸ਼ਿਤ ਕਰਨ ਲਈ ਹੇਠ ਦਿੱਤੇ ਅਨੁਸਾਰ ਹਦਾਇਤਾਂ ਹਨ:

1. ਫੀਲਡ ਵਿੱਚੋਂ ਲਗਾਤਾਰ ਆ ਰਹੀ ਮੰਗ ਅਨੁਸਾਰ ਪੰਜਵੀਂ ਜਮਾਤ ਦੇ ਸਾਲਾਨਾ ਮੁਲਾਂਕਣ ਮਾਰਚ-2026 ਦੇ ਅੰਕ ਈ ਪੰਜਾਬ ਪੋਰਟਲ ਤੇ ਅਪਲੋਡ ਕਰਨ ਦੀ ਮਿਤੀ ਵਿੱਚ **20-03-2026** ਤੱਕ ਵਾਧਾ ਕੀਤਾ ਜਾਂਦਾ ਹੈ।
2. ਮਿਤੀ 31-03-2025 ਨੂੰ ਛੁੱਟੀ ਹੋਣ ਕਾਰਨ ਨਤੀਜਾ ਸਕੂਲ,ਬਲਾਕ ਅਤੇ ਜਿਲ੍ਹਾ ਪੱਧਰ ਤੇ ਮਿਤੀ 30-03-2025 ਨੂੰ ਘੋਸ਼ਿਤ ਕੀਤਾ ਜਾਵੇ ਅਤੇ ਮਾਪੇ ਅਧਿਆਪਕ ਮਿਲਣੀ ਵਿੱਚ ਵਿਦਿਆਰਥੀਆਂ ਦੀ ਕਾਰਜਗੁਜ਼ਾਰੀ ਮਾਪਿਆਂ/ਸਰਪ੍ਰਸਤਾਂ ਨਾਲ ਸਾਂਝੀ ਕੀਤੀ ਜਾਵੇ।
3. ਮਾਪੇ ਅਧਿਆਪਕ ਮਿਲਣੀ ਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦੋ ਭਾਸ਼ੀ ਨਤੀਜਾ ਕਾਰਡ ਭਰ ਕੇ ਜਾਰੀ ਕੀਤੇ ਜਾਣੇ ਯਕੀਨੀ ਬਣਾਇਆ ਜਾਵੇ। ਗੈਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਆਨ-ਲਾਈਨ ਡਿਜਿਟਲ ਨਤੀਜਾ ਕਾਰਡ ਜਾਰੀ ਕੀਤੇ ਜਾਣ।
4. ਵਧੀਆ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇ।
5. ਕੇਵਲ ਸਾਰੇ ਵਿਸ਼ਿਆਂ ਵਿੱਚ ਗੈਰ ਹਾਜ਼ਰ ਵਿਦਿਆਰਥੀਆਂ ਨੂੰ ਹੀ ਗੈਰਹਾਜ਼ਰ ਕਰਾਰ ਕੀਤਾ ਜਾਵੇ।
6. ਜੇਕਰ ਵਿਦਿਆਰਥੀ ਇੱਕ ਵਿਸ਼ੇ ਵਿੱਚ ਵੀ ਅਪੀਅਰ ਹੋਇਆ ਹੋਵੇ ਤਾਂ ਉਸਨੂੰ ਹੈਲਡ ਕਰਾਰ ਦਿੱਤਾ ਜਾਵੇ।
7. ਹੈਲਡ ਅਤੇ ਗੈਰਹਾਜ਼ਰ ਵਿਦਿਆਰਥੀਆਂ ਨੂੰ ਮਈ,2026 ਵਿੱਚ ਰੀਅਪੀਅਰ ਹੋਣ ਦਾ ਮੌਕਾ ਦਿੱਤਾ ਜਾਵੇਗਾ।
8. ਈ ਪੰਜਾਬ ਪੋਰਟਲ ਤੇ ਡਾਟਾ ਅਪਰੂਵ ਕਰਨ ਤੋਂ ਪਹਿਲਾਂ ਸਾਰਾ ਡਾਟਾ ਧਿਆਨ ਨਾਲ ਚੈੱਕ ਕਰ ਲਿਆ ਜਾਵੇ, ਇੱਕ ਵਾਰ ਅਪਰੂਵ ਕਰਨ ਤੋਂ ਬਾਅਦ ਦੁਬਾਰਾ ਡਾਟਾ ਕਿਸੇ ਵੀ ਸੂਰਤ ਏ ਹਾਲ ਵਿੱਚ ਡਿਸਅਪਰੂਵ ਨਹੀਂ ਕੀਤਾ ਜਾਵੇਗਾ।
9. ਗਲਤ ਡਾਟਾ ਅਪਰੂਵ ਕਰਨ ਦੀ ਨਿਰੋਲ ਜਿੰਮੇਵਾਰੀ ਸੰਬਧਤ ਸਕੂਲ ਮੁੱਖੀ ਦੀ ਹੋਵੇਗੀ।
10. ਡਾਟਾ ਅਪਰੂਵ ਕਰਨ ਉਪਰੰਤ ਮਿਤੀ 30-03-2026 ਤੋਂ ਆਨ ਲਾਈਨ ਡਿਜਿਟਲ ਨੰਬਰ/ਗਰੇਡ ਕਾਰਡ ਈ ਪੰਜਾਬ ਪੋਰਟਲ ਤੋਂ ਹੀ ਸੰਬਧਤ ਸਕੂਲ ਡਾਊਨਲੋਡ ਕੀਤਾ ਜਾ ਸਕਦਾ ਹੈ।

11. ਜੇਕਰ ਕਿਸੇ ਵਿਦਿਆਰਥੀ ਦੇ ਈ ਪੰਜਾਬ ਦੇ ਵੇਰਵਿਆਂ ਵਿੱਚ ਕੋਈ ਗਲਤੀ ਹੈ ਤਾਂ ਸੋਧ ਯਕੀਨੀ ਬਣਾਈ ਜਾਵੇ, ਤਾਂ ਜੋ ਆਨ ਲਾਈਨ ਡਿਜਿਟਲ ਨਤੀਜਾ ਕਾਰਡ ਵਿੱਚ ਗਲਤੀ ਨਾ ਹੋਵੇ।ਮਿਤੀ **20-03-2026** ਤੋਂ ਬਾਅਦ ਵਿਦਿਆਰਥੀਆਂ ਦੇ ਡਾਟੇ ਵਿੱਚ ਜੇਕਰ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਇਸ ਦੀ ਜਿੰਮੇਵਾਰੀ ਸੰਬੰਧਤ ਸਕੂਲ ਮੁੱਖੀ ਅਤੇ ਸੰਬੰਧਤ ਬਲਾਕ ਪ੍ਰਾਇਮਰੀ ਅਫਸਰ ਸਾਹਿਬ ਦੀ ਹੋਵੇਗੀ।
12. ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਦਾ ਰਿਜਲਟ ਬਲਾਕ ਪੱਧਰ ਤੇ ਨਤੀਜਾ ਤਿਆਰ ਕਰਨ ਉਪਰੰਤ ਜਿਲ੍ਹਾ ਪੱਧਰ ਤੇ ਕੰਸੋਲੀਡੇਟ ਵੱਖ ਵੱਖ ਕੀਤਾ ਜਾਵੇਗਾ।

ਕਿਰਨ ਸ਼ਰਮਾ(ਪੀ.ਸੀ.ਐਸ.)
ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ:ਉਕਤ ਮਿਤੀ: ਐਸ.ਏ.ਐਸ. ਨਗਰ **23-02-2026**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1. ਪੀ.ਏ.ਟੂ ਡਾਇਰੈਕਟਰ,ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।
2. ਪੀ.ਏ.ਟੂ ਡਾਇਰੈਕਟਰ,ਐਲੀਮੈਂਟਰੀ ਸਿੱਖਿਆ,ਪੰਜਾਬ।
3. ਡੀ.ਐਮ.ਐਮ.ਆਈ.ਐਸ.ਵਿੰਗ ਨੂੰ ਇਵੈਲੁਏਸ਼ਨ ਪੋਰਟਲ ਲਾਈਵ ਰੱਖਣ ਲਈ।
4. ਸਮੂਹ,ਬਲਾਕ ਪ੍ਰਾਇਮਰੀ ਸਿੱਖਿਆ ਅਫਸਰ।

ਸਹਾਇਕ ਡਾਇਰੈਕਟਰ(ਪ੍ਰੀਖਿਆ)
ਐਸ.ਸੀ.ਈ.ਆਰ.ਟੀ. ਪੰਜਾਬ।